ਪਾਠ-18

ਮਿੱਟੀ ਦੇ ਖਿਡੌਣੇ

ਐਤਵਾਰ ਦਾ ਦਿਨ ਸੀ। ਪ੍ਰਵੀਨ ਨੂੰ ਅੱਜ ਸਕੂਲ ਤੋਂ ਛੁੱਟੀ ਸੀ। "ਸਾਰਾ ਦਿਨ ਟੀ.ਵੀ. 'ਤੇ ਕਾਰਟੂਨ ਵੇਖ-ਵੇਖ ਕੇ ਤੇਰੀਆਂ ਅੱਖਾਂ ਖ਼ਰਾਬ ਹੋ ਜਾਣਗੀਆਂ" ਸਵੇਰ ਤੋਂ ਲਗਾਤਾਰ ਟੀ.ਵੀ ਦੇਖਦੀ ਪ੍ਰਵੀਨ ਨੂੰ ਉਸਦੀ ਦਾਦੀ ਮਾਂ ਨੇ ਟੋਕਦਿਆਂ ਬਾਹਰੋਂ ਉੱਚੀ ਆਵਾਜ਼ ਵਿੱਚ ਕਿਹਾ।

"ਤੇ ਫੇਰ ਮੈਂ ਵਿਹਲੀ ਬੈਠੀ ਕੀ ਕਰਾਂ ? ਮਨ ਲਾਉਣ ਲਈ ਵੀ ਤਾਂ ਕੁਝ ਨਾ ਕੁਝ ਕਰਨਾ ਹੀ ਪੈਂਦਾ ਹੈ, ਦਾਦੀ ਮਾਂ।"

ਦਾਦੀ ਮਾਂ ਬੋਲੀ, "ਅੱਜ ਕੱਲ੍ਹ ਦੇ ਨਿਆਣੇ ਤਾਂ ਸਾਰਾ ਦਿਨ ਟੀ.ਵੀ, ਕੰਪਿਊਟਰ ਅਤੇ ਮੋਬਾਇਲ ਫ਼ੋਨ ਨਾਲ਼ ਹੀ ਜੁੜੇ ਰਹਿੰਦੇ ਨੇ। ਕੋਟਲਾ ਛਪਾਕੀ, ਬਾਂਦਰ ਕਿੱਲਾ ਤੇ ਪਿੱਠੂ ਗਰਮ ਵਰਗੀਆਂ ਖੇਡਾਂ ਦਾ ਤਾਂ ਇਨ੍ਹਾਂ ਨੂੰ ਪਤਾ ਵੀ ਨਹੀਂ। ਸਾਡੇ ਵੇਲੇ ਕਿੱਥੇ ਹੋਇਆ ਕਰਦੇ ਸਨ ਟੀ.ਵੀ ਤੇ ਕੰਪਿਊਟਰ। ਅਸੀਂ ਤਾਂ ਮਿੱਟੀ ਦੇ ਖਿਡੌਣਿਆਂ ਨਾਲ ਖੇਡਦੇ ਜਵਾਨ ਹੋ ਗਏ।"

"ਹੈਂ! ਮਿੱਟੀ ਦੇ ਖਿਡੌਣੇ। ਮਿੱਟੀ ਨਾਲ਼ ਖੇਡ ਕੇ ਤਾਂ ਕੱਪੜੇ ਗੰਦੇ ਹੋ ਜਾਂਦੇ ਆ।" ਬਾਹਰ ਆਉਂਦੀ ਹੋਈ ਪ੍ਰਵੀਨ ਬੋਲੀ।

"ਨਹੀਂ ਪੁੱਤ! ਮਿੱਟੀ ਨਾਲ਼ ਜੁੜੇ ਰਹਿਣ ਅਤੇ ਖੇਡਣ ਨਾਲ ਸਾਡਾ ਮਨ ਪ੍ਰਸੰਨ ਰਹਿੰਦਾ ਹੈ।

ਅਸੀ ਨਿੱਕੇ ਹੁੰਦੇ ਚੀਕਣੀ ਮਿੱਟੀ ਵਿੱਚ ਪਾਣੀ ਪਾ ਕੇ ਗੁੰਨ ਕੇ ਉਸ ਤੋਂ ਸੋਹਣੇ ਸੋਹਣੇ ਖਿਡੌਣੇ ਜਿਵੇਂ ਦੀਵੇ, ਚੁੱਲ੍ਹੇ ਅਤੇ ਭਾਂਡੇ ਬਣਾ ਕੇ ਖੇਡਦੇ ਸਾਂ।"

"ਕਿਉਂ ਦਾਦੀ ਮਾਂ! ਤੁਹਾਡੇ ਵੇਲੇ ਭਾਂਡੇ ਨਹੀਂ ਸਨ ਹੁੰਦੇ ?"

"ਨਹੀਂ ਪੁੱਤ! ਸਾਡੇ ਸਮੇਂ ਵਿੱਚ ਅੱਜ ਵਾਂਗ ਸਟੀਲ ਅਤੇ ਐਲੂਮੀਨੀਅਮ ਦੇ ਬਰਤਨ ਨਹੀਂ ਸਨ ਹੁੰਦੇ। ਮਿੱਟੀ ਦੇ ਬਣੇ ਬਰਤਨ ਹੀ ਵਰਤੇ ਜਾਂਦੇ ਸਨ। ਕੁੱਜੇ, ਚਾਟੀਆਂ, ਕਾੜ੍ਹਨੀਆਂ, ਭੜੋਲੀਆਂ ਹੀ ਹੁੰਦੀਆਂ ਸਨ।"

"ਦਾਦੀ ਮਾਂ! ਮੈਂ ਵੀ ਮਿੱਟੀ ਦੇ ਖਿਡੌਣੇ ਬਣਾਉਣੇ ਸਿੱਖਣੇ ਹਨ।

ਦਾਦੀ ਮਾਂ ਨੇ ਪ੍ਰਵੀਨ ਨੂੰ ਨਾਲ਼ ਲਿਆ ਅਤੇ ਖੇਤ ਵਿੱਚੋਂ ਚੀਕਣੀ ਮਿੱਟੀ ਪੁੱਟ ਕੇ ਥੈਲੇ ਵਿੱਚ ਪਾ ਕੇ ਘਰ ਲੈ ਆਏ।

1. **ਸਹੀ ਉੱਤਰ 'ਤੇ (✓) ਦਾ ਨਿਸ਼ਾਨ ਲਗਾਉ।**

(ੳ) ਬਹੁਤ ਜ਼ਿਆਦਾ ਟੀ.ਵੀ. ਦੇਖਣ ਨਾਲ ਖਰਾਬ ਹੋ ਜਾਂਦੀਆਂ ਹਨ :

ਕੰਨ ☐ ਨੱਕ ☐

ਅੱਖਾਂ ☐ ਦਿਮਾਗ ☐

(ਅ) ਪੁਰਾਣੇ ਸਮੇਂ ਵਿੱਚ ਅਨਾਜ ਸਟੋਰ ਕਰਨ ਲਈ ਵਰਤੇ ਜਾਂਦੇ ਸਨ :

ਡਰੰਮ ☐ ਸੰਦੂਕ ☐ ਪਤੀਲੇ ☐ ਭੜੋਲੀਆਂ ☐

(ੲ) ਖਿਡੌਣੇ ਬਣਾਉਣ ਲਈ ਕਿਸ ਕਿਸਮ ਦੀ ਮਿੱਟੀ ਵਰਤੀ ਜਾਂਦੀ ਹੈ ?

ਲਾਲ ☐ ਕਾਲੀ ☐ ਰੇਤਲੀ ☐ ਚੀਕਣੀ ☐

(ਸ) ਦੀਵਾਲੀ ਦੀ ਰਾਤ ਕਿਸ ਪਦਾਰਥ ਦੇ ਬਣੇ ਦੀਵੇ ਬਾਲਦੇ ਹਾਂ ?

ਸਟੀਲ ☐ ਕੱਚ ☐ ਪਿੱਤਲ ☐ ਮਿੱਟੀ ☐

ਕਿਰਿਆ-1 ਵਿਦਿਆਰਥੀਆਂ ਨੂੰ ਮਿੱਟੀ ਦੇ ਖਿਡੌਣੇ ਘਰੋਂ ਬਣਾ ਕੇ ਲਿਆਉਣ ਲਈ ਕਿਹਾ ਜਾਵੇ।

ਗੱਲ ਨੂੰ ਅਗਾਂਹ ਤੋਰਦਿਆਂ ਦਾਦੀ ਮਾਂ ਬੋਲੀ, "ਪੁੱਤਰ! ਜਿਵੇਂ-ਜਿਵੇਂ ਸਮਾਂ ਬਦਲਦਾ ਗਿਆ, ਮਨੁੱਖ ਦੀ ਸੋਚ ਵੀ ਬਦਲਦੀ ਗਈ। ਉਸਦੇ ਰਹਿਣ-ਸਹਿਣ ਦੇ ਢੰਗ ਵਿੱਚ ਬੜੀਆਂ ਤਬਦੀਲੀਆਂ ਆਈਆਂ। ਪਹਿਲਾਂ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ ਅਤੇ ਕੱਚਾ ਮਾਸ ਖਾਂਦਾ ਸੀ ਪਰ ਅੱਗ ਅਤੇ ਪਹੀਏ ਦੀ ਖੋਜ ਨਾਲ਼ ਉਸਦਾ ਜੀਵਨ ਸੁਖਾਲਾ ਹੋ ਗਿਆ। ਥਾਂ-ਥਾਂ ਖ਼ਾਨਾਬਦੋਸ਼ ਬਣ ਕੇ ਘੁੰਮਣ ਵਾਲਾ ਮਨੁੱਖ ਹੁਣ ਇੱਕ ਥਾਂ ਰਹਿਣ ਲੱਗ ਪਿਆ। ਕੱਚੇ ਮਾਸ ਨੂੰ ਅੱਗ 'ਤੇ ਭੁੰਨ ਕੇ ਖਾਣਾ ਸ਼ੁਰੂ ਕਰ ਦਿੱਤਾ। ਖੇਤੀ ਕਰਕੇ ਅਨਾਜ ਅਤੇ ਦਾਲਾਂ ਉਗਾਉਣ ਲੱਗਾ ਪਰ ਔਖੇ ਸਮੇਂ ਲਈ ਖਾਣ ਦੀਆਂ ਵਸਤਾਂ ਨੂੰ ਸਟੋਰ ਕਰਕੇ ਰੱਖਣਾ ਬਹੁਤ ਜ਼ਰੂਰੀ ਸੀ। ਇਸ ਲਈ ਉਸਨੂੰ ਬਰਤਨਾਂ ਦੀ ਲੋੜ ਮਹਿਸੂਸ ਹੋਈ। ਪਹੀਏ (ਚੱਕ) 'ਤੇ ਗਿੱਲੀ ਗੁੰਨ੍ਹੀ ਮਿੱਟੀ ਰੱਖ ਕੇ ਹੱਥ ਨਾਲ਼ ਮਿੱਟੀ ਦੇ ਬਰਤਨ ਬਣਾਉਣ ਲੱਗਾ। ਬੁੱਧੀ ਹੋਰ ਵਿਕਸਿਤ ਹੋਈ ਤਾਂ ਉਸਨੇ ਕੱਚੇ ਮਿੱਟੀ ਦੇ ਬਰਤਨਾਂ ਨੂੰ ਅੱਗ ਵਿੱਚ ਪਕਾ ਕੇ ਮਜ਼ਬੂਤ ਕਰਨ ਦਾ ਢੰਗ ਵੀ ਸਿੱਖ ਲਿਆ। ਅੱਗ ਦੇ ਪੱਕੇ ਬਰਤਨਾਂ ਦਾ ਉਸਨੂੰ ਇਹ ਲਾਭ ਹੋਇਆ ਕਿ ਉਹ ਇਸ ਵਿੱਚ ਦੁੱਧ, ਪਾਣੀ, ਤੇਲ ਅਤੇ ਹੋਰ ਤਰਲ ਪਦਾਰਥ ਸਟੋਰ ਕਰਕੇ ਰੱਖਣ ਲੱਗਾ। ਆਪਣੇ ਮਨ ਦੇ ਭਾਵਾਂ ਅਤੇ ਰੀਝਾਂ ਨੂੰ ਦਰਸਾਉਣ ਲਈ ਇਨ੍ਹਾਂ ਉੱਪਰ ਵੱਖ-ਵੱਖ ਚਿੱਤਰ ਜਿਵੇਂ-ਜਾਨਵਰ, ਪੌਦੇ, ਸੂਰਜ, ਚੰਦ ਬਣਾ ਕੇ ਉਨ੍ਹਾਂ ਵਿੱਚ ਰੰਗ ਭਰਨ ਲੱਗਾ।



ਪੁਰਾਣੇ ਸਮਿਆਂ ਵਿੱਚ ਵਰਤੇ ਜਾਣ ਵਾਲੇ ਮਿੱਟੀ ਦੇ ਬਰਤਨ

ਧਰਤੀ ਦੀ ਖੁਦਾਈ ਤੋਂ ਪੁਰਾਤਨ ਬਰਤਨਾਂ ਦੇ ਕਈ ਟੁਕੜੇ ਅਤੇ ਅਵਸ਼ੇਸ਼ ਮਿਲੇ ਹਨ ਜਿਨ੍ਹਾਂ ਨੂੰ ਅੱਜ ਵੀ ਅਜਾਇਬ ਘਰਾਂ ਵਿੱਚ ਬੜੀ ਸਾਂਭ-ਸੰਭਾਲ ਨਾਲ਼ ਰੱਖਿਆ ਗਿਆ ਹੈ ਤਾਂ ਜੋ ਨਵੀਂ ਪੀੜ੍ਹੀ ਰਹਿਣ-ਸਹਿਣ ਦੇ ਪੁਰਾਤਨ ਢੰਗਾਂ ਬਾਰੇ ਜਾਣੂੰ ਹੋ ਸਕੇ।

ਅਧਿਆਪਕ ਲਈ—ਪੰਜਾਬ ਵਿੱਚ ਬਹੁਤ ਸਾਰੇ ਅਜਾਇਬ ਘਰ ਹਨ। ਹੋ ਸਕਦਾ ਹੈ ਤੁਹਾਡੇ ਨਜ਼ਦੀਕੀ ਪਿੰਡ ਜਾਂ ਸ਼ਹਿਰ ਵਿੱਚ ਕੋਈ ਅਜਾਇਬ ਘਰ ਹੋਵੇ ਅਤੇ ਜੇ ਸੰਭਵ ਹੋਵੇ ਤਾਂ ਬੱਚਿਆਂ ਨੂੰ ਉੱਥੇ ਲਿਜਾਇਆ ਜਾਵੇ।

ਕਿਰਿਆ-2 : ਮਿੱਟੀ ਦੇ ਭਾਂਡੇ ਬਣਾਉਣ ਵਾਲੇ ਕਾਰੀਗਰ ਨੂੰ ਘੁਮਿਆਰ ਕਹਿੰਦੇ ਹਨ। ਆਪਣੇ ਮਾਤਾ ਪਿਤਾ ਜਾਂ ਪਰਿਵਾਰ ਦੇ ਕਿਸੇ ਹੋਰ ਵੱਡੇ ਮੈਂਬਰ ਨਾਲ਼ ਘੁਮਿਆਰ ਦੇ ਘਰ ਜਾਉ ਅਤੇ ਵੇਖੋ ਕਿ ਉਹ ਕਿਵੇਂ ਭਾਂਡੇ ਬਣਾਉਂਦਾ ਅਤੇ ਪਕਾਉਂਦਾ ਹੈ।

ਘੁਮਿਆਰ ਦੁਆਰਾ ਬਣਾਏ ਜਾ ਰਹੇ ਮਿੱਟੀ ਦੇ ਦੀਵੇ

ਯਾਦ ਰੱਖਣ ਯੋਗ ਗੱਲਾਂ

- ਪੁਰਾਤਨ ਸਮੇਂ ਵਿੱਚ ਮਿੱਟੀ ਦੇ ਬਣੇ ਬਰਤਨ ਵਰਤੇ ਜਾਂਦੇ ਸਨ।
- ਅੱਗ ਅਤੇ ਪਹੀਏ ਦੀ ਖੋਜ ਨਾਲ ਮਨੁੱਖ ਦਾ ਜੀਵਨ ਸੁਖਾਲਾ ਹੋ ਗਿਆ ਹੈ।
- ਘੁਮਿਆਰ ਚੱਕ ਦੀ ਵਰਤੋਂ ਨਾਲ ਮਿੱਟੀ ਦੇ ਬਰਤਨ ਬਣਾਉਂਦਾ ਹੈ।
- ਅਜਾਇਬ ਘਰ ਵਿੱਚ ਦੁਰਲੱਭ ਵਸਤਾਂ ਨੂੰ ਸੰਭਾਲ ਕੇ ਰੱਖਿਆ ਜਾਂਦਾ ਹੈ।

ਪ੍ਰਸ਼ਨ 2. ਮਿੱਟੀ ਦੇ ਬਰਤਨ ਬਣਾਉਣ ਵਾਲੇ ਕਾਰੀਗਰ ਨੂੰ ਕੀ ਆਖਦੇ ਹਨ ?

....

ਪ੍ਰਸ਼ਨ 3. ਕਿਸ ਚੀਜ਼ ਦੀ ਖੋਜ ਨਾਲ਼ ਆਦਿ-ਮਾਨਵ ਕੱਚਾ ਮਾਸ ਭੁੰਨ ਕੇ ਖਾਣ ਲੱਗਾ ?

....

ਪ੍ਰਸ਼ਨ 4. ਪੁਰਾਤਨ ਸਮੇਂ ਵਿੱਚ ਅਨਾਜ ਨੂੰ ਸਟੋਰ ਕਰਨ ਲਈ ਵਰਤੇ ਜਾਣ ਵਾਲੇ ਬਰਤਨ ਦਾ ਨਾਂ ਦੱਸੋ।

....

ਪ੍ਰਸ਼ਨ 5. ਘੁਮਿਆਰ ਵਲੋਂ ਵਰਤੇ ਜਾਣ ਵਾਲੇ ਪਹੀਏ ਨੂੰ ਕੀ ਆਖਦੇ ਹਨ ?

....

6. ਖ਼ਾਲੀ ਥਾਂਵਾਂ ਭਰੋ—

(ਮਿੱਟੀ, ਪਹੀਏ, ਕੱਚੀ ਮਿੱਟੀ, ਅੱਗ, ਅਜਾਇਬ ਘਰ)

(ੳ) ਦੀਵਾਲੀ ਵਾਲੀ ਰਾਤ ਅਸੀਂ ਬਨੇਰਿਆਂ 'ਤੇ .... ਦੇ ਬਣੇ ਹੋਏ ਦੀਵੇ ਬਾਲਦੇ ਹਾਂ।

(ਅ) .... ਅਤੇ .... ਦੀ ਖੋਜ ਨਾਲ਼ ਆਦਿ ਮਾਨਵ ਦਾ ਜੀਵਨ ਸੁਖਾਲਾ ਹੋ ਗਿਆ।

(ੲ) ਪੁਰਾਣੀਆਂ ਦੁਰਲੱਭ ਵਸਤਾਂ ਨੂੰ .... ਵਿੱਚ ਸੰਭਾਲ ਕੇ ਰੱਖਿਆ ਜਾਂਦਾ ਹੈ।

(ਸ) ਘੁਮਿਆਰ .... ਦੇ ਬਰਤਨ ਅੱਗ ਵਿੱਚ ਪਕਾਉਂਦਾ ਹੈ।

*****